# ਅੰਗ ਅਤੇ ਉੱਤਕ (ਟਿਸ਼ੂ) ਦਾਨ ਨਾਲ ਸਬੰਧਿਤ ਕਾਨੂੰਨ ਬਦਲ ਰਿਹਾ ਹੈ

**26 ਮਾਰਚ, 2021 ਤੋਂ, ਸਕਾਟਲੈਂਡ ਵਿਚ ਔਪਟ ਆਊਟ (ਆਪਣਾ ਨਾਮ ਕੱਢਣ ਦਾ) ਸਿਸਟਮ ਲਾਗੂ ਹੋਵੇਗਾ।**

ਅੰਗ ਅਤੇ ਉੱਤਕ ਦਾਨ ਹੁਣ ਵੀ ਇੱਕ ਨਿੱਜੀ ਫੈਸਲਾ ਹੈ ਅਤੇ ਤੁਹਾਡੇ ਕੋਲ ਵਿਕਲਪ ਹੈ। ਇਸ ਲਈ ਕਿਰਪਾ ਕਰਕੇ ਇਸ ਕਿਤਾਬਚੇ ਨੂੰ ਧਿਆਨ ਨਾਲ ਪੜ੍ਹੋ। ਇਹ ਇਸ ਬਾਰੇ ਵਿਆਖਿਆ ਕਰਦਾ ਹੈ ਕਿ:

- ਕਾਨੂੰਨ ਕਿਵੇਂ ਬਦਲ ਰਿਹਾ ਹੈ
- ਇਹ ਕਾਨੂੰਨ ਤੁਹਾਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ
- ਤੁਹਾਡੇ ਕੋਲ ਕਿਹੜੇ-ਕਿਹੜੇ ਵਿਕਲਪ ਮੌਜੂਦ ਹਨ
- ਦਾਨ ਕਰਨ ਸਬੰਧੀ ਆਪਣੇ ਫੈਸਲੇ ਨੂੰ ਕਿਵੇਂ ਦਰਜ ਕਰਨਾ ਹੈ
- ਜਦੋਂ ਕੋਈ ਦਾਨੀ ਬਣ ਜਾਂਦਾ ਹੈ, ਤਾਂ ਕੀ ਹੋਵੇਗਾ

Healthier Scotland
Scottish Government

NHS SCOTLAND

# ਕਾਨੂੰਨ ਬਦਲ ਰਿਹਾ ਹੈ... ਪਰ ਤੁਹਾਡੇ ਕੋਲ ਹਾਲੇ ਵੀ ਇੱਕ ਵਿਕਲਪ ਹੈ

**26 ਮਾਰਚ 2021** ਤੋਂ, ਅੰਗ ਅਤੇ ਉੱਤਕ ਦਾਨ ਤੇ ਇੱਕ ਨਵਾਂ ਕਾਨੂੰਨ ਪੂਰੇ ਸਕਾਟਲੈਂਡ ਵਿੱਚ ਲਾਗੂ ਹੋਵੇਗਾ।

ਕਾਨੂੰਨ 'ਡੀਮਡ ਔਥੋਰਾਇਜ਼ੇਸ਼ਨ' (ਮੰਨਣਯੋਗ ਇਜਾਜ਼ਤ) ਦੇ ਇੱਕ ਨਵੇਂ ਸਿਸਟਮ ਦੀ ਪੇਸ਼ਕਸ਼ ਕਰਨ ਲਈ ਬਦਲ ਰਿਹਾ ਹੈ। ਇਸ ਨੂੰ ਅਕਸਰ ਇੱਕ 'ਔਪਟ ਆਊਟ' ਸਿਸਟਮ ਕਿਹਾ ਜਾਂਦਾ ਹੈ। ਅਸੀਂ ਅਜਿਹਾ ਜੀਵਨ ਨੂੰ ਬਚਾਉਣ ਅਤੇ ਵਧੀਆ ਬਣਾਉਣ ਲਈ ਕਰ ਰਹੇ ਹਾਂ। ਸਿਰਫ ਲਗਭਗ 1% ਲੋਕਾਂ ਦੀ ਮੌਤ ਇਸ ਤਰੀਕੇ ਨਾਲ ਹੁੰਦੀ ਹੈ ਜਿਸ ਵਿੱਚ ਅੰਗ ਦਾਨ ਸੰਭਵ ਹੁੰਦਾ ਹੈ, ਇਸ ਲਈ ਦਾਨ ਕਰਨ ਦਾ ਹਰ ਮੌਕਾ ਬਹੁਤ ਕੀਮਤੀ ਹੁੰਦਾ ਹੈ।

ਇਸ ਨਵੇਂ ਸਿਸਟਮ ਦਾ ਮਤਲਬ ਇਹ ਹੈ ਕਿ ਜੇ ਤੁਸੀਂ ਮਰਨ ਵੇਲੇ ਔਪਟ ਆਊਟ ਨਹੀਂ ਕੀਤਾ ਹੈ, ਤਾਂ ਕਾਨੂੰਨ ਟ੍ਰਾਂਸਪਲਾਂਟੇਸ਼ਨ ਲਈ ਕੁਝ ਅੰਗਾਂ ਅਤੇ ਉੱਤਕਾਂ ਦੇ ਦਾਨ ਦੀ ਆਗਿਆ ਦਿੰਦਾ ਹੈ। ਤੁਸੀਂ ਪੰਨਾ ਨੰਬਰ 8 'ਤੇ ਇਸ ਬਾਰੇ ਹੋਰ ਪੜ੍ਹ ਸਕਦੇ ਹੋ ਕਿ ਜੇਕਰ ਤੁਸੀਂ ਦਾਨੀ ਬਣ ਜਾਂਦੇ ਹੋ, ਤਾਂ ਕੀ ਹੋਵੇਗਾ।

ਇਹ ਕਾਨੂੰਨ ਲੋਕਾਂ ਦੇ ਕੁਝ ਖਾਸ ਸਮੂਹਾਂ 'ਤੇ ਲਾਗੂ ਨਹੀਂ ਹੁੰਦਾ (ਪੰਨਾ ਨੰਬਰ 3 ਵੇਖੋ) ਜਾਂ ਫਿਰ ਜੇਕਰ ਦਾਨ ਤੁਹਾਡੇ ਵਿਚਾਰਾਂ ਦੇ ਖਿਲਾਫ਼ ਹੋਵੇਗਾ।

ਜੇਕਰ ਤੁਸੀਂ ਦਾਨ ਕਰਨ ਦਾ ਸਮਰਥਨ ਕਰਦੇ ਹੋ, ਤਾਂ ਤੁਸੀਂ ਫਿਰ ਵੀ ਦਾਨੀ ਬਣਨ ਦੇ ਆਪਣੇ ਫੈਸਲੇ ਨੂੰ ਸਰਗਰਮ ਤਰੀਕੇ ਨਾਲ ਦਰਜ ਕੀਤੇ ਜਾਣ ਦੀ ਚੋਣ ਕਰ ਸਕਦੇ ਹੋ। ਅਜਿਹਾ ਕਰਨ ਨਾਲ ਤੁਹਾਡੇ ਪਰਿਵਾਰ ਅਤੇ ਦੋਸਤਾਂ ਲਈ ਇਹ ਸੌਖਾ ਹੋ ਸਕਦਾ ਹੈ, ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਤੁਹਾਡੇ ਫੈਸਲੇ ਦਾ ਸਨਮਾਨ ਕੀਤਾ ਜਾਵੇ।

ਔਪਟ ਆਊਟ ਵਾਲਾ ਸਿਸਟਮ ਸਿਰਫ ਸਰੀਰ ਦੇ ਆਮ ਤੌਰ 'ਤੇ ਟ੍ਰਾਂਸਪਲਾਂਟ ਕੀਤੇ ਜਾਣ ਵਾਲੇ ਹਿੱਸਿਆਂ ਜਿਵੇਂ ਕਿ ਗੁਰਦੇ, ਦਿਲ, ਫੇਫੜੇ, ਜਿਗਰ ਅਤੇ ਟੈਂਡਨ ਦੇ ਦਾਨ ਲਈ ਲਾਗੂ ਹੁੰਦਾ ਹੈ।

ਫੇਰ ਵੀ ਤੁਹਾਡੇ ਪਰਿਵਾਰ ਅਤੇ ਦੋਸਤਾਂ ਨਾਲ ਤੁਹਾਡੇ ਵਿਚਾਰਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਤਾਂ ਜੋ ਕਿ ਇਹ ਯਕੀਨੀ ਬਣਾਇਆ ਜੇਕਰ ਤੁਸੀਂ ਨਾ ਚਾਹੋ ਤਾਂ ਦਾਨ ਕਰਨ ਦੀ ਕਾਰਵਾਈ ਅੱਗੇ ਨਹੀਂ ਵੱਧੇਗੀ।

**ਇਹ ਕਾਨੂੰਨ ਜੀਵਨ ਨੂੰ ਬਚਾਉਣ ਅਤੇ ਵਧੀਆ ਬਣਾਉਣ ਲਈ ਬਦਲ ਰਿਹਾ ਹੈ।**

# ਕਾਨੂੰਨ ਵਿੱਚ ਤਬਦੀਲੀ ਤੋਂ ਕੌਣ ਪ੍ਰਭਾਵਿਤ ਹੋਵੇਗਾ?

**ਨਵਾਂ ਕਾਨੂੰਨ ਜ਼ਿਆਦਾਤਰ ਉਨ੍ਹਾਂ ਬਾਲਗਾਂ 'ਤੇ ਲਾਗੂ ਹੋਵੇਗਾ ਜੋ ਕਿ ਸਕਾਟਲੈਂਡ ਦੇ ਵਸਨੀਕ ਹਨ।**

ਇਹ ਇਨ੍ਹਾਂ ਸਮੂਹਾਂ 'ਤੇ ਲਾਗੂ **ਨਹੀਂ** ਹੋਵੇਗਾ:

- **ਬੱਚੇ (16 ਸਾਲ ਤੋਂ ਘੱਟ ਉਮਰ)।**
- **ਉਹ ਬਾਲਗ ਵਿਅਕਤੀ ਜਿਨ੍ਹਾਂ ਵਿਚ ਕਿ ਨਵੇਂ ਕਾਨੂੰਨ ਨੂੰ ਸਮਝਣ ਦੀ ਸਮਰੱਥਾ ਦੀ ਘਾਟ ਹੈ।**
- **ਅਜਿਹੇ ਬਾਲਗ ਜੋ ਉਨ੍ਹਾਂ ਦੀ ਮੌਤ ਤੋਂ ਪਹਿਲਾਂ 12 ਨਾਲੋਂ ਘੱਟ ਮਹੀਨਿਆਂ ਲਈ ਸਕਾਟਲੈਂਡ ਵਿੱਚ ਰਹੇ ਹਨ।**

ਜੇਕਰ ਇਨ੍ਹਾਂ ਸਮੂਹਾਂ ਵਿਚੋਂ ਕਿਸੇ ਵਿਅਕਤੀ ਦੀ ਮੌਤ ਅਜਿਹੇ ਤਰੀਕੇ ਨਾਲ ਹੁੰਦੀ ਹੈ ਕਿ ਉਹ ਦਾਨ ਕਰ ਸਕਦਾ ਹੈ, ਅਤੇ ਜੇਕਰ ਉਨ੍ਹਾਂ ਨੇ ਪਹਿਲਾਂ ਹੀ ਦਾਨ ਕਰਨ ਸਬੰਧੀ ਫੈਸਲਾ ਦਰਜ ਨਹੀਂ ਕਰਾਇਆ ਹੈ, ਤਾਂ ਉਨ੍ਹਾਂ ਪਰਿਵਾਰ ਦੇ ਸਭ ਤੋਂ ਨੇੜਲੇ ਸਦੱਸ ਨੂੰ ਪੁੱਛਿਆ ਜਾਵੇਗਾ ਕਿ ਕੀ ਉਹ ਦਾਨ ਕਰਨ ਦੀ ਇਜਾਜ਼ਤ ਦੇਣਾ ਚਾਹੁੰਦੇ ਹਨ ਜਾਂ ਨਹੀਂ?

# ਮੈਨੂੰ ਕੀ ਕਰਨ ਦੀ ਲੋੜ ਹੈ?

**ਦਾਨ ਇੱਕ ਨਿੱਜੀ ਫੈਸਲਾ ਹੈ ਅਤੇ ਤੁਹਾਡੇ ਕੋਲ ਵਿਕਲਪ ਹੈ ਕਿ ਤੁਸੀਂ ਦਾਨ ਕਰਨਾ ਚਾਹੁੰਦੇ ਹੋ ਜਾਂ ਨਹੀਂ।**

## ਤੁਹਾਡੇ ਵਿਕਲਪ

**ਤੁਸੀਂ NHS Organ Donor Register (ਅੰਗ ਦਾਨੀ ਰਜਿਸਟਰ) 'ਤੇ ਅੰਗ ਦਾਨ ਕਰਨ ਤੋਂ ਬਾਹਰ ਰਹਿਣ ਸਬੰਧੀ ਆਪਣਾ ਫੈਸਲਾ ਰਿਕਾਰਡ ਕਰਵਾ ਸਕਦੇ ਹੋ (ਪੰਨਾ ਨੰਬਰ 7 ਵੇਖੋ)**

- ਇਸ ਦਾ ਮਤਲਬ ਹੈ ਕਿ ਤੁਸੀਂ ਸਾਰੇ ਅੰਗਾਂ ਅਤੇ ਉੱਤਕਾਂ ਦੇ ਦਾਨ ਦੀ ਇਜਾਜ਼ਤ ਨਹੀਂ ਦੇ ਰਹੇ ਹੋ।

**ਜੇ ਤੁਸੀਂ ਅੰਗ ਦਾਨੀ ਬਣਨਾ ਚਾਹੁੰਦੇ ਹੋ, ਤਾਂ ਤੁਸੀਂ NHS Organ Donor Register 'ਤੇ ਆਪਣਾ ਫੈਸਲਾ ਦਰਜ ਕਰਵਾ ਸਕਦੇ ਹੋ (ਪੰਨਾ ਨੰਬਰ 7ਵੇਖੋ)**

- ਅਜਿਹਾ ਕਰਨ ਨਾਲ, ਤੁਹਾਡੇ ਪਰਿਵਾਰ ਲਈ ਇਹ ਸੌਖਾ ਹੋ ਜਾਵੇਗਾ ਅਤੇ ਇਸ ਨੂੰ ਯਕੀਨੀ ਬਣਾਉਣ ਵਿਚ ਸਹਾਇਤਾ ਮਿਲੇਗੀ ਕਿ ਦਾਨ ਕਰਨ ਸਬੰਧੀ ਤੁਹਾਡੇ ਫੈਸਲੇ ਦਾ ਸਨਮਾਨ ਕੀਤਾ ਜਾਵੇ।
- ਜੇਕਰ ਤੁਸੀਂ ਕੁਝ ਕਿਸਮਾਂ ਦੇ ਅੰਗਾਂ ਅਤੇ ਉੱਤਕਾਂ ਦਾ ਦਾਨ ਕਰਨ ਲਈ ਤਿਆਰ ਹੋ, ਪਰ ਕੁਝ ਹੋਰ ਕਿਸਮਾਂ ਲਈ ਨਹੀਂ, ਤਾਂ ਤੁਸੀਂ ਆਪਣੀ ਚੋਣ ਨੂੰ ਸਪੱਸ਼ਟ ਕਰ ਸਕਦੇ ਹੋ ਜਦੋਂ ਤੁਸੀਂ NHS Organ Donor Register 'ਤੇ ਆਪਣਾ ਫੈਸਲਾ ਦਰਜ ਕਰਦੇ ਹੋ।
- ਆਪਣੇ ਅੰਗ ਦਾਨੀ ਬਣਨ ਦੇ ਫੈਸਲੇ ਨੂੰ ਦਰਜ ਕਰਨ ਦਾ ਇਹ ਵੀ ਮਤਲਬ ਹੋਏਗਾ ਕਿ ਤੁਸੀਂ ਕੁਝ ਡਾਕਟਰੀ ਜਾਂਚਾਂ ਅਤੇ ਪ੍ਰਕਿਰਿਆਵਾਂ ਨਾਲ ਸਹਿਮਤ ਹੋ ਜੋ ਤੁਹਾਡੀ ਮੌਤ ਤੋਂ ਪਹਿਲਾਂ ਦਾਨ ਪ੍ਰਕਿਰਿਆ ਦੇ ਹਿੱਸੇ ਵਜੋਂ ਕੀਤੀਆਂ ਜਾ ਸਕਦੀਆਂ ਹਨ। ਮਾਹਰ ਨਰਸਾਂ ਇਹ ਜਾਂਚਾਂ ਹੋਣ ਤੋਂ ਪਹਿਲਾਂ ਤੁਹਾਡੇ ਪਰਿਵਾਰ ਨਾਲ ਗੱਲਬਾਤ ਕਰਨਗੀਆਂ। ਇਨ੍ਹਾਂ ਡਾਕਟਰੀ ਜਾਂਚਾਂ ਅਤੇ ਪ੍ਰਕਿਰਿਆਵਾਂ ਵਿੱਚ ਕੀ ਸ਼ਾਮਲ ਹੈ, ਇਸ ਬਾਰੇ ਵਧੇਰੇ ਜਾਣਕਾਰੀ ਪੰਨਾ ਨੰਬਰ 9 'ਤੇ ਜਾਓ।

**ਤੁਸੀਂ ਕੁਝ ਵੀ ਨਾ ਕਰਨ ਦੀ ਚੋਣ ਕਰ ਸਕਦੇ ਹੋ**

- ਜੇਕਰ ਤੁਸੀਂ ਨਵੇਂ ਕਾਨੂੰਨ ਦੇ ਤਹਿਤ ਕੁਝ ਵੀ ਨਹੀਂ ਕਰਦੇ ਹੋ, ਤਾਂ ਇਹ ਮੰਨ ਲਿਆ ਜਾਵੇਗਾ ਕਿ ਤੁਸੀਂ ਟ੍ਰਾਂਸਪਲਾਂਟੇਸ਼ਨ ਲਈ ਕੁਝ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕਰਨ ਲਈ ਸਹਿਮਤ ਹੋ।
- ਤੁਹਾਡੇ ਪਰਿਵਾਰ ਅਤੇ ਦੋਸਤਾਂ ਨੂੰ ਅਜੇ ਵੀ ਤੁਹਾਡੇ ਤਾਜ਼ਾ ਵਿਚਾਰ ਪੁੱਛੇ ਜਾਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦਾਨ ਅੱਗੇ ਨਹੀਂ ਵੱਧਦਾ ਜੇ ਤੁਸੀਂ ਨਹੀਂ ਚਾਹੁੰਦੇ ਸੀ।
- ਇਹ ਨਵਾਂ ਕਾਨੂੰਨ ਲੋਕਾਂ ਦੇ ਕੁਝ ਸਮੂਹਾਂ 'ਤੇ ਲਾਗੂ ਨਹੀਂ ਹੋਵੇਗਾ (ਉਦਾਹਰਣ ਵਜੋਂ ਬੱਚੇ) - ਪੰਨਾ ਨੰਬਰ 3 ਵੇਖੋ।
- ਜੇਕਰ ਤੁਸੀਂ ਕੁਝ ਨਹੀਂ ਕਰਦੇ ਤਾਂ ਇਸ ਦਾ ਮਤਲਬ ਇਹ ਵੀ ਹੋਵੇਗਾ ਕਿ ਤੁਸੀਂ ਕੁਝ ਡਾਕਟਰੀ ਜਾਂਚਾਂ ਅਤੇ ਪ੍ਰਕਿਰਿਆਵਾਂ ਨਾਲ ਸਹਿਮਤ ਹੋ ਜੋ ਦਾਨ ਪ੍ਰਕਿਰਿਆ ਦੇ ਹਿੱਸੇ ਵਜੋਂ ਤੁਹਾਡੀ ਮੌਤ ਤੋਂ ਪਹਿਲਾਂ ਕੀਤੇ ਜਾ ਸਕਦੇ ਹਨ। ਮਾਹਰ ਨਰਸਾਂ ਇਹ ਜਾਂਚਾਂ ਹੋਣ ਤੋਂ ਪਹਿਲਾਂ ਤੁਹਾਡੇ ਪਰਿਵਾਰ ਨਾਲ ਗੱਲਬਾਤ ਕਰਨਗੀਆਂ। ਇਨ੍ਹਾਂ ਡਾਕਟਰੀ ਜਾਂਚਾਂ ਅਤੇ ਪ੍ਰਕਿਰਿਆਵਾਂ ਵਿੱਚ ਕੀ ਸ਼ਾਮਲ ਹੈ, ਇਸ ਬਾਰੇ ਵਧੇਰੇ ਜਾਣਕਾਰੀ ਪੰਨਾ ਨੰਬਰ 9 'ਤੇ ਜਾਓ।

**26 ਮਾਰਚ 2021ਨੂੰ ਕਾਨੂੰਨ ਵਿਚ ਬਦਲਾਵ ਹੋਣ ਤੋਂ ਪਹਿਲਾਂ ਜਾਂ ਬਾਅਦ ਵਿਚ ਤੁਸੀਂ ਆਪਣੇ ਦਾਨ ਦੇ ਫੈਸਲੇ ਨੂੰ ਦਰਜ ਕਰ ਸਕਦੇ ਹੋ।**


ਦਾਨ ਇੱਕ ਨਿੱਜੀ
ਫੈਸਲਾ ਹੈ ਅਤੇ
ਤੁਹਾਡੇ ਕੋਲ
ਵਿਕਲਪ ਹੈ ਕਿ
ਤੁਸੀਂ ਦਾਨ ਕਰਨਾ
ਚਾਹੁੰਦੇ ਹੋ ਜਾਂ ਨਹੀਂ।


ਤੁਸੀਂ ਜੋ ਵੀ ਫੈਸਲਾ ਕਰਦੇ ਹੋ, ਤੁਹਾਨੂੰ ਪਰਿਵਾਰ ਅਤੇ ਦੋਸਤਾਂ ਨੂੰ ਆਪਣੇ ਦਾਨ ਦੇ ਫੈਸਲੇ ਬਾਰੇ ਵੀ ਦੱਸਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਦਾ ਸਨਮਾਨ ਕੀਤਾ ਜਾਵੇ।

# NHS Organ Donor Register (ਅੰਗ ਦਾਨੀ ਰਜਿਸਟਰ) ’ਤੇ ਆਪਣੇ ਫੈਸਲੇ ਨੂੰ ਰਿਕਾਰਡ ਕਰਨ ਲਈ

**NHS ਅੰਗ ਦਾਨੀ ਰਜਿਸਟਰ ’ਤੇ ਆਪਣੇ ਫੈਸਲੇ ਨੂੰ ਰਿਕਾਰਡ ਕਰਨਾ ਅਸਾਨ ਹੈ ਅਤੇ ਇਸ ਵਿਚ ਸਿਰਫ ਕੁਝ ਮਿੰਟ ਲਗਦੇ ਹਨ। ਤੁਸੀਂ ਆਪਣੇ ਪਿਛਲੇ ਫੈਸਲੇ ਨੂੰ ਬਦਲ ਜਾਂ ਉਸਦੀ ਪੁਸ਼ਟੀ ਕਰ ਸਕਦੇ ਹੋ, ਜਾਂ ਫਿਰ ਆਪਣੇ ਵੇਰਵਿਆਂ ਨੂੰ ਅੱਪਡੇਟ ਕਰ ਸਕਦੇ ਹੋ।**

**ਆਨਲਾਇਨ ਜਾਣ ਲਈ www.organdonationscotland.org’ਤੇ ਜਾਓ।**

**ਜੇਕਰ ਤੁਸੀਂ ਆਪਣੇ ਫੈਸਲੇ ਨੂੰ ਦਰਜ ਕਰਨ ਲਈ ਕਾਲ ਕਰਨ ਪਸੰਦ ਕਰਦੇ ਹੋ ਜਾਂ ਫਿਰ ਕਾਨੂੰਨ ਵਿਚ ਬਦਲਾਵ ਬਾਰੇ ਤੁਹਾਡਾ ਕੋਈ ਸਵਾਲ ਹੈ, ਤਾਂ 0300 303 2094 'ਤੇ ਫੋਨ ਕਰੋ**
ਕਾਲਾਂ ’ਤੇ ਸ਼ੁਲਕ ਤੁਹਾਡੇ ਫੋਨ ਪ੍ਰਦਾਤਾ ਦੀਆਂ ਸਥਾਨਕ ਕਾਲ ਦਰਾਂ ਅਨੁਸਾਰ ਲਿਆ ਜਾਵੇਗਾ।

**ਟੈਕਸਟ ਰੀਲੇਅ: 18001 0300 1232323**

## ਮੈਂ NHS Organ Donor Register ’ਤੇ ਆਪਣਾ ਫੈਸਲਾ ਰਿਕਾਰਡ ਨਹੀਂ ਕਰਵਾਉਣਾ ਚਾਹੁੰਦਾ/ਦੀ। ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਡੇ ਫੈਸਲੇ ਨੂੰ ਦਰਜ ਕਰਨ ਦਾ ਸਭ ਤੋਂ ਸਪਸ਼ਟ ਤਰੀਕਾ NHS Organ Donor Register ਤੇ ਦਰਜ ਕਰਨਾ ਹੁੰਦਾ ਹੈ। ਪਰ, ਜੇ ਤੁਸੀਂ ਅਜਿਹਾ ਕਰਨਾ ਨਹੀਂ ਚਾਹੁੰਦੇ ਹੋ, ਤਾਂ ਤੁਸੀਂ ਲਿਖਤੀ ਰੂਪ ਵਿੱਚ ਇੱਕ ਘੋਸ਼ਣਾ-ਪੱਤਰ ਤਿਆਰ ਕਰ ਸਕਦੇ ਹੋ ਅਤੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਦੱਸ ਸਕਦੇ ਹੋ, ਤਾਂ ਕਿ ਉਨ੍ਹਾਂ ਨੂੰ ਤੁਹਾਡੇ ਫੈਸਲੇ ਬਾਰੇ ਪਤਾ ਹੋਵੇ। ਕਿਰਪਾ ਕਰਕੇ ਆਪਣੀ ਵਸੀਅਤ ਵਿੱਚ ਆਪਣੇ ਫੈਸਲੇ ਨੂੰ ਦਰਜ ਕਰਨ ਤੇ ਭਰੋਸਾ ਨਾ ਕਰੋ। ਵਸੀਅਤਾਂ ਆਮ ਤੌਰ ’ਤੇ ਉਦੋਂ ਤੱਕ ਨਹੀਂ ਪੜ੍ਹੀਆਂ ਜਾਂਦੀਆਂ ਜਦੋਂ ਤਕ ਦਾਨ ਸੰਭਵ ਹੁੰਦਾ ਹੈ, ਕਿਉਂਕਿ ਮੌਤ ਤੋਂ ਬਾਅਦ ਬਹੁਤ ਛੇਤੀ ਦਾਨ ਕਰਨਾ ਪੈਂਦਾ ਹੈ।

**ਜਦੋਂ ਤੱਕ ਤੁਸੀਂ ਇਕ ਫੈਸਲਾ ਦਰਜ ਨਹੀਂ ਕਰਦੇ, ਉਦੋਂ ਤੱਕ ਤੁਹਾਡਾ ਨਾਮ NHS Organ Donor Register ’ਤੇ ਨਹੀਂ ਆਏਗਾ।**

# ਕੀ ਹੁੰਦਾ ਹੈ ਜੇ ਮੈਂ ਇੱਕ ਸੰਭਾਵੀ ਦਾਨੀ ਬਣ ਜਾਂਦਾ ਹਾਂ?

**ਡਾਕਟਰ ਅਤੇ ਨਰਸਾਂ ਤੁਹਾਡੀ ਜਾਨ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।**

- ਡਾਕਟਰ ਅਤੇ ਨਰਸਾਂ ਰੋਗੀ ਦੀ ਦੇਖਭਾਲ ਕਰਦੀਆਂ ਹਨ ਅਤੇ ਕਿਸੇ ਵੀ ਵਿਅਕਤੀ ਦੀ ਜਾਨ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਵਚਨਬੱਧ ਹਨ।
- ਤੁਹਾਡੇ ਪਰਿਵਾਰ ਨਾਲ ਵਿਚਾਰ ਵਟਾਂਦਰੇ ਕੀਤਾ ਜਾਣ ਅਤੇ ਸਹਿਮਤੀ ਹੋ ਜਾਣ ਤੋਂ ਬਾਅਦ ਹੀ ਕਿ ਹੋਰ ਕੁਝ ਨਹੀਂ ਕੀਤਾ ਜਾ ਸਕਦਾ, ਦਾਨ ਦੀ ਸੰਭਾਵਨਾ ਬਾਰੇ ਇੱਕ ਸੰਵੇਦਨਸ਼ੀਲ ਸਲਾਹ-ਮਸ਼ਵਰਾ ਸ਼ੁਰੂ ਹੋਵੇਗਾ।

**NHS Organ Donor Register (ਅੰਗ ਦਾਨੀ ਰਜਿਸਟਰ) ਦੀ ਜਾਂਚ ਕਰਨਾ**

- ਤੁਹਾਡੀ ਦੇਖਭਾਲ ਵਿੱਚ ਸ਼ਾਮਲ ਨਾ ਹੋਣ ਵਾਲੀਆਂ ਮਾਹਰ ਨਰਸਾਂ ਇਹ ਦੇਖਣ ਲਈ ਤੁਹਾਡੇ NHS Organ Donor Register (ਅੰਗ ਦਾਨੀ ਰਜਿਸਟਰ) ਦੀ ਜਾਂਚ ਕਰਨਗੀਆਂ ਕਿ ਕੀ ਤੁਸੀਂ ਦਾਨ ਦਾ ਫੈਸਲਾ ਰਿਕਾਰਡ ਕੀਤਾ ਹੈ ਜਾਂ ਨਹੀਂ।
- ਫਿਰ ਉਹ ਇਹ ਜਾਣਕਾਰੀ ਤੁਹਾਡੇ ਪਰਿਵਾਰ ਅਤੇ ਨਜ਼ਦੀਕੀ ਦੋਸਤਾਂ ਨਾਲ ਸਾਂਝੀ ਕਰਦੇ ਹਨ, ਤਾਂ ਜੋ ਉਨ੍ਹਾਂ ਨੂੰ ਜਾਣਕਾਰੀ ਮਿਲੇ ਕਿ ਤੁਸੀਂ ਅਜਿਹਾ ਚਾਹੁੰਦੇ ਸੀ ਅਤੇ ਇਹ ਪਤਾ ਲਗਾਉਣ ਲਈ ਕਿ ਕੀ ਇਹ ਤੁਹਾਡਾ ਤਾਜ਼ਾ ਨਜ਼ਰੀਆ ਸੀ।

## ਦਾਨ ਕਰਨ ਤੋਂ ਪਹਿਲਾਂ ਕਿਹੜੇ ਡਾਕਟਰੀ ਜਾਂਚਾਂ ਕਰਵਾਉਣ ਦੀ ਲੋੜ ਪੈਂਦੀ ਹੈ?

- ਦਾਨ ਪ੍ਰਕਿਰਿਆ ਦੇ ਹਿੱਸੇ ਵਜੋਂ, ਮੌਤ ਤੋਂ ਥੋੜ੍ਹੀ ਦੇਰ ਪਹਿਲਾਂ ਇੰਟੈਨਸਿਵ ਕੇਅਰ ਯੂਨਿਟ ਵਿਚ ਕੁਝ ਆਮ ਡਾਕਟਰੀ ਜਾਂਚਾਂ ਅਤੇ ਪ੍ਰਕਿਰਿਆਵਾਂ ਕੀਤੀਆਂ ਜਾ ਸਕਦੀਆਂ ਹਨ। ਇਹ ਸਿਰਫ ਤਾਂ ਹੀ ਹੋ ਸਕਦੇ ਹਨ ਜੇ ਉਹ ਡਾਕਟਰਾਂ ਨੂੰ ਇਹ ਜਾਂਚ ਕਰਨ ਵਿੱਚ ਸਹਾਇਤਾ ਕਰਨਗੇ ਕਿ ਟ੍ਰਾਂਸਪਲਾਂਟ ਦੀ ਉਡੀਕ ਸੂਚੀ ਵਿੱਚ ਕਿਸੇ ਵਿਅਕਤੀ ਲਈ ਟ੍ਰਾਂਸਪਲਾਂਟੇਸ਼ਨ ਸੁਰੱਖਿਅਤ, ਸਫਲ ਅਤੇ ਢੁਕਵਾਂ ਹੋਣ ਦੀ ਸੰਭਾਵਨਾ ਹੈ।

- ਇਹ ਡਾਕਟਰੀ ਟੈਸਟ ਅਤੇ ਪ੍ਰਕਿਰਿਆਵਾਂ ਉਸੇ ਧਿਆਨ ਨਾਲ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ ਹਸਪਤਾਲ ਵਿੱਚ ਕੋਈ ਹੋਰ ਇਲਾਜ ਕੀਤਾ ਜਾਂਦਾ ਹੈ, ਇਸ ਲਈ ਇਹ ਸਿਰਫ ਤਾਂ ਹੋ ਸਕਦੀਆਂ ਹਨ ਜੇਕਰ ਇਨ੍ਹਾਂ ਤੋਂ ਤੁਹਾਨੂੰ ਨੁਕਸਾਨ ਜਾਂ ਬੇਅਰਾਮੀ ਹੋਣ ਦੀ ਸੰਭਾਵਨਾ ਨਾ ਹੋਵੇ। ਇਹਨਾਂ ਵਿੱਚੋਂ ਕੁਝ ਡਾਕਟਰੀ ਜਾਂਚਾਂ ਅਤੇ ਪ੍ਰਕਿਰਿਆਵਾਂ ਦੇ ਬਗੈਰ ਅੰਗ ਦਾਨ ਅੱਗੇ ਨਹੀਂ ਵੱਧ ਸਕੇਗਾ।

- ਇਨ੍ਹਾਂ ਵਿੱਚ ਸ਼ਾਮਲ ਹਨ:
  - ਜਾਂਚ ਲਈ ਤਰਲਾਂ ਦੇ ਨਮੂਨੇ ਲੈਣਾ ਜਿਵੇਂ ਕਿ ਖੂਨ ਜਾਂ ਮੂਤਰ
  - ਐਕਸ-ਰੇ ਜਾਂ ਅਲਟਰਾਸਾਊਂਡ ਸਕੈਨ ਜੋ ਕਿ ਬੈੱਡਸਾਈਡ 'ਤੇ ਲਏ ਜਾਂਦੇ ਹਨ
  - ਤੁਹਾਡੇ ਦਿਲ ਅਤੇ ਸਾਹ ਦੀ ਨਿਗਰਾਨੀ
  - ਇੱਕ ਡਰਿੱਪ ਰਾਹੀਂ ਦਵਾਈ ਜਾਂ ਹੋਰ ਤਰਲ ਪਦਾਰਥ (ਉਦਾਹਰਨ ਲਈ, ਕਈ ਵਾਰ ਖੂਨ) ਦੇਣਾ।

- ਇਹ ਮੰਨਿਆ ਜਾਏਗਾ ਕਿ ਤੁਸੀਂ ਇਹ ਆਮ ਡਾਕਟਰੀ ਜਾਂਚਾਂ ਅਤੇ ਪ੍ਰਕਿਰਿਆਵਾਂ ਕਰਵਾਉਣ ਲਈ ਤਿਆਰ ਹੋ ਜਦੋਂ ਤਕ ਤੁਸੀਂ ਦਾਨ ਕਰਨ ਤੋਂ ਬਾਹਰ ਰਹਿਣ ਦੀ ਚੋਣ ਨਹੀਂ ਕੀਤੀ ਹੈ। ਹਾਲਾਂਕਿ, ਮਾਹਰ ਨਰਸਾਂ ਤੁਹਾਡੇ ਪਰਿਵਾਰ ਅਤੇ ਦੋਸਤਾਂ ਨਾਲ ਗੱਲਬਾਤ ਕਰਨਗੀਆਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਜਾਂਚਾਂ ਅੱਗੇ ਨਾ ਵਧਣ ਜਦੋਂ ਤੱਕ ਕੀ ਤੁਸੀਂ ਅਜਿਹਾ ਨਾ ਚਾਹੁੰਦੇ।

- ਬਹੁਤ ਹੀ ਘੱਟ ਮੌਕਿਆਂ 'ਤੇ ਜਿਆਦਾ ਗੰਭੀਰ ਡਾਕਟਰੀ ਜਾਂਚਾਂ ਅਤੇ ਪ੍ਰਕਿਰਿਆਵਾਂ ਕੀਤੇ ਜਾਣ ਦੀ ਲੋੜ ਹੋ ਸਕਦੀ ਹੈ, ਪਰ ਸਿਰਫ ਤਾਂ ਹੀ ਜੇ ਉੱਪਰ ਦੱਸੇ ਗਏ ਆਮ ਜਾਂਚਾਂ ਤੋਂ ਸੁਰੱਖਿਅਤ ਅਤੇ ਸਫਲ ਟ੍ਰਾਂਸਪਲਾਂਟ ਲਈ ਲੋੜੀਂਦੀ ਜਾਣਕਾਰੀ ਨਹੀਂ ਹਾਸਲ ਹੁੰਦੀ ਹੈ। ਇਨ੍ਹਾਂ ਹੋਰ ਜਾਂਚਾਂ ਜਾਂ ਪ੍ਰਕਿਰਿਆਵਾਂ ਵਿੱਚ ਚਮੜੀ ਦੀ ਇੱਕ ਛੋਟੀ ਜਿਹੀ ਬਾਇਓਪਸੀ, ਬੈੱਡਸਾਈਡ ਤੋਂ ਦੂਰ ਕੀਤੇ ਗਏ ਸਕੈਨ, ਤੁਹਾਡੇ ਫੇਫੜਿਆਂ ਅਤੇ ਏਅਰਵੇਜ਼ ਦੀ ਅੰਦਰੂਨੀ ਜਾਂਚ ਲਈ ਇੱਕ ਉਪਕਰਣ ਦਾ ਉਪਯੋਗ, ਜਾਂ ਸਰੀਰ ਦੇ ਅੰਦਰੋਂ ਇੱਕ ਛੋਟਾ ਨਮੂਨਾ ਲੈਣ ਲਈ ਇੱਕ ਸਵੈਬ ਦਾ ਇਸਤੇਮਾਲ ਕੀਤਾ ਜਾਣਾ ਸ਼ਾਮਲ ਹੋ ਸਕਦਾ ਹੈ। **ਹਾਲਾਂਕਿ, ਇਹ ਨਹੀਂ ਮੰਨਿਆ ਜਾਵੇਗਾ ਕਿ ਤੁਸੀਂ ਇਨ੍ਹਾਂ ਪ੍ਰਕਿਰਿਆਵਾਂ ਨਾਲ ਸਹਿਮਤ ਹੋ, ਜਿਸ ਦਾ ਮਤਲਬ ਇਹ ਹੈ ਕਿ ਇਹ ਜਾਂਚਾਂ ਸਿਰਫ ਤੁਹਾਡੇ ਪਰਿਵਾਰ ਦੀ ਮਨਜ਼ੂਰੀ ਨਾਲ ਅੱਗੇ ਵੱਧਨਗੇ।**

**ਅੰਗ ਅਤੇ ਉੱਤਕ ਦਾਨ ਦੇ ਔਪਟ ਆਊਟ ਸਿਸਟਮ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰ ਕੇ www.organdonationscotland.org 'ਤੇ ਜਾਓ।**

# ਕੀ ਦਾਨ ਦੀ ਕਾਰਵਾਈ ਦੇ ਅੱਗੇ ਵੱਧਣ ਤੋਂ ਪਹਿਲਾਂ ਮੇਰੇ ਧਰਮ, ਆਸਥਾ ਜਾਂ ਵਿਸ਼ਵਾਸਾਂ 'ਤੇ ਵਿਚਾਰ ਕੀਤਾ ਜਾਵੇਗਾ?

**ਹਾਂ, ਤੁਸੀਂ NHS Organ Donor Register (ਅੰਗ ਦਾਨੀ ਰਜਿਸਟਰ) 'ਤੇ ਇਹ ਦਰਜ ਕਰ ਸਕਦੇ ਹੋ ਕਿ ਕੀ ਤੁਹਾਡੀ ਆਸਥਾ ਜਾਂ ਵਿਸ਼ਵਾਸ ਮਹੱਤਵਪੂਰਣ ਹਨ ਅਤੇ ਇਸ ਨੂੰ ਤੁਹਾਡੇ ਪਰਿਵਾਰ ਨਾਲ ਦਾਨ ਦੀ ਚਰਚਾ ਦਾ ਹਿੱਸਾ ਮੰਨਿਆ ਜਾਵੇਗਾ।**

ਉਨ੍ਹਾਂ ਨੂੰ ਤੁਹਾਡੇ ਵਿਚਾਰਾਂ ਬਾਰੇ ਪੁੱਛਿਆ ਜਾਵੇਗਾ ਤਾਂ ਜੋ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਦਾਨ ਨਹੀਂ ਕੀਤਾ ਜਾਵੇਗਾ, ਜੇ ਅਜਿਹਾ ਕਰਨਾ ਤੁਹਾਡੀ ਇੱਛਾ ਨਹੀਂ ਸੀ, ਅਤੇ ਇਹ ਯਕੀਨੀ ਬਣਾਉਣ ਲਈ ਕਿ ਇਹ ਸਿਰਫ ਉਦੋਂ ਹੀ ਅੱਗੇ ਵੱਧੇਗਾ ਜਦੋਂ ਇਹ ਤੁਹਾਡੀ ਆਸਥਾ ਜਾਂ ਵਿਸ਼ਵਾਸਾਂ ਦੇ ਅਨੁਸਾਰ ਹੁੰਦਾ ਹੈ।

**ਆਸਥਾ ਅਤੇ ਵਿਸ਼ਵਾਸਾਂ ਅਤੇ ਅੰਗਾਂ ਅਤੇ ਉੱਤਕ ਦਾਨ ਬਾਰੇ ਵਧੇਰੇ ਜਾਣਕਾਰੀ ਇਸ 'ਤੇ ਵੇਖੀ ਜਾ ਸਕਦੀ ਹੈ: www.organdonationscotland.org/faith-and-beliefs**

ਇਹ ਬਹੁਤ ਮਹੱਤਵਪੂਰਨ ਹੈ ਕਿ ਸਾਰੇ ਪਿਛੋਕੜ ਦੇ ਲੋਕ ਅੰਗ ਅਤੇ ਉੱਤਕ ਦਾਨ ਕਰਨ, ਕਿਉਂਕਿ ਜਦੋਂ ਕਿਸੇ ਵਿਅਕਤੀ ਨੂੰ ਉਸੇ ਨਸਲੀ ਸਮੂਹ ਦੇ ਦਾਨੀ ਤੋਂ ਅੰਗ ਟ੍ਰਾਂਸਪਲਾਂਟ ਮਿਲਦਾ ਹੈ ਤਾਂ ਇਸ ਦੀ ਸਫਲਤਾ ਦਰ ਬਹੁਤ ਜ਼ਿਆਦਾ ਹੁੰਦੀ ਹੈ। ਉਦਾਹਰਣ ਦੇ ਤੌਰ 'ਤੇ, ਕਾਲੇ ਅਤੇ ਏਸ਼ੀਆਈ ਲੋਕਾਂ ਨੂੰ ਗੋਰੇ ਲੋਕਾਂ ਨਾਲੋਂ ਗੁਰਦੇ ਦੇ ਟ੍ਰਾਂਸਪਲਾਂਟ ਦੀ ਲੋੜ ਦੀ ਵਧੇਰੇ ਸੰਭਾਵਨਾ ਹੈ, ਇਸ ਲਈ ਕਾਲੇ ਅਤੇ ਏਸ਼ੀਆਈ ਦਾਨੀਆਂ ਦੀ ਜ਼ਿਆਦਾ ਲੋੜ ਹੈ।

**ਤੁਸੀਂ NHS Organ Donor Register 'ਤੇ ਇਹ ਦਰਜ ਕਰ ਸਕਦੇ ਹੋ ਕਿ ਕੀ ਤੁਹਾਡੀ ਆਸਥਾ ਜਾਂ ਵਿਸ਼ਵਾਸ ਮਹੱਤਵਪੂਰਨ ਹਨ ਜਾਂ ਨਹੀਂ।**

# ਕਾਨੂੰਨ ਬਦਲ ਰਿਹਾ ਹੈ...
# ਪਰ ਤੁਹਾਡੇ ਕੋਲ ਹਾਲੇ ਵੀ ਇੱਕ ਵਿਕਲਪ ਹੈ

**26 ਮਾਰਚ 2021 ਤੋਂ, ਸਕਾਟਲੈਂਡ ਵਿੱਚ ਅੰਗ ਅਤੇ ਉੱਤਕ ਦਾਨ ਨਾਲ ਸਬੰਧਿਤ ਕਾਨੂੰਨ ਬਦਲ ਰਿਹਾ ਹੈ। ਇਸ ਦਾ ਮਤਲਬ ਇਹ ਹੈ ਕਿ ਜਦੋਂ ਤੁਹਾਡੀ ਮੌਤ ਹੋ ਜਾਂਦੀ ਹੈ, ਤਾਂ ਤੁਹਾਨੂੰ ਦਾਨੀ ਬਣਨ ਲਈ ਸਹਿਮਤ ਮੰਨਿਆ ਜਾਂਦਾ ਹੈ ਜਦੋਂ ਤੱਕ ਕਿ ਤੁਸੀਂ ਦਾਨ ਕਰਨ ਤੋਂ ਬਾਹਰ ਰਹਿਣ ਦੀ ਚੋਣ ਨਾ ਕੀਤੀ ਹੋਵੇ। ਦਾਨ ਕਰਨਾ ਹੁਣ ਵੀ ਇੱਕ ਨਿੱਜੀ ਫੈਸਲਾ ਹੈ ਅਤੇ ਤੁਹਾਡੇ ਕੋਲ ਵਿਕਲਪ ਹੈ।**

ਅੰਗ ਅਤੇ ਟਿਸ਼ੂ ਦਾਨ ਅਤੇ ਕਾਨੂੰਨ ਵਿਚ ਬਦਲਾਵ ਬਾਰੇ ਵਧੇਰੇ ਜਾਣਕਾਰੀ ਲਈ
**www.organdonationscotland.org** 'ਤੇ ਜਾਓ।

**NHS Organ Donor Register (ਅੰਗ ਦਾਨੀ ਰਜਿਸਟਰ) 'ਤੇ ਆਪਣੇ ਦਾਨ ਕਰਨ ਸਬੰਧੀ ਫੈਸਲੇ ਨੂੰ ਰਿਕਾਰਡ ਕਰੋ।**

ਆਨਲਾਇਨ:
**www.organdonationscotland.org/your-decision/how-register**

ਫੋਨ: ਜੇਕਰ ਤੁਸੀਂ ਆਪਣੇ ਫੈਸਲੇ ਨੂੰ ਦਰਜ ਕਰਨ ਲਈ ਕਾਲ ਕਰਨਾ ਪਸੰਦ ਕਰੋਗੇ ਜਾਂ ਕਾਨੂੰਨ ਵਿਚ ਬਦਲਾਵ ਬਾਰੇ ਤੁਹਾਡਾ ਕੋਈ ਸਵਾਲ ਹੈ, ਤਾਂ ਕਿਰਪਾ ਕਰਕੇ **0300 303 2094** 'ਤੇ ਇਕ ਸਿਖਿਅਤ ਸਲਾਹਕਾਰ ਨਾਲ ਗੱਲਬਾਤ ਕਰਨ ਲਈ ਹੈਲਪਲਾਈਨ ਨੂੰ ਕਾਲ ਕਰੋ।

ਕਾਲਾਂ 'ਤੇ ਸ਼ੁਲਕ ਤੁਹਾਡੇ ਫੋਨ ਪ੍ਰਦਾਤਾ ਦੀਆਂ ਸਥਾਨਕ ਕਾਲ ਦਰਾਂ ਅਨੁਸਾਰ ਲਿਆ ਜਾਵੇਗਾ।

ਟੈਕਸਟ ਰੀਲੇਅ: **18001 0300 1232323**

ਟੈਕਸਟ ਚੈਟ: **07860 034343**

ਇਹ ਪਰਚਾ ਹੋਰ ਫਾਰਮੈਟਾਂ ਅਤੇ ਅਨੇਕ ਭਾਸ਼ਾਵਾਂ ਵਿੱਚ ਉਪਲੱਬਧ ਹੈ।

ਹੇਠਾਂ ਦਿੱਤੇ ਗਏ QR ਕੋਡ ਨੂੰ ਸਕੈਨ ਕਰੋ ਜਾਂ **www.organdonationscotland.org/resources** 'ਤੇ ਜਾਓ।

Healthier Scotland
Scottish Government

NHS SCOTLAND